# ਅਧਿਆਇ 29

# “ਪਰਾਚੀਨ ਦਿਨਾਂ” ਲਈ ਅੱਯੂਬ ਦੀ ਲਾਲਸਾ

ਅਧਿਆਇ 29 ਵਿਚ, ਅੱਯੂਬ ਨੇ ਉਨ੍ਹਾਂ ਬਿਪਤਾਵਾਂ ਤੋਂ ਪਹਿਲਾਂ ਜੋ ਉਸ ਉੱਤੇ ਅਤੇ ਉਸ ਦੇ ਪਰਿਵਾਰ ਉੱਤੇ ਆਈਆਂ ਸਨ ਸੁਖੀ ਜੀਵਨ ਦਾ ਵਰਣਨ ਕੀਤਾ। ਇਹ ਤਸਵੀਰ ਅੱਯੂਬ 1:1-5 ਦੀ ਯਾਦ ਦਿਵਾਉਂਦੀ ਹੈ।

29 ਤੋਂ 31 ਅਧਿਆਵਾਂ ਦੇ ਸੰਬੰਧ ਵਿਚ, ਫ੍ਰਾਂਸਿਸ ਆਈ. ਐਂਡਰਸਨ ਨੇ ਕਿਹਾ,

> ਬਹੁਤ ਸਾਰੇ ਵਿਦਵਾਨਾਂ ਦੁਆਰਾ ਇਸ ਲੰਬੀ ਗੱਲਬਾਤ [29-31 ਅਧਿਆਵਾਂ] ਨੂੰ ਅਨੁਚਿਤ ਤੌਰ ਤੇ ਆਪਣੇ ਆਪ ਨਾਲ ਕੀਤੀ ਗੱਲਬਾਤ ਕਿਹਾ ਗਿਆ ਹੈ। ਅੱਯੂਬ ਜੋ ਕਹਿੰਦਾ ਹੈ ਉਹ ਪੂਰੀ ਬਹਿਸ ਦੇ ਲਈ ਅਟੁੱਟ ਹੈ। ਭਾਵੇਂ ਹੁਣ ਮਿੱਤਰਾਂ ਨੂੰ ਚੁੱਪ ਕਰਾ ਦਿੱਤਾ ਗਿਆ, ਅੱਯੂਬ ਆਪਣੇ ਆਪ ਨਾਲ ਗੱਲ ਨਹੀਂ ਕਰ ਰਿਹਾ। ਇਹ ਇਕ ਜਨਤਕ ਬੋਲ-ਚਾਲ, ਉਸ ਦੀ ਬੇਗੁਨਾਹੀ ਦਾ ਅੰਤਮ ਦਾਅਵਾ ਹੈ।[1]

## ਅੱਯੂਬ ਦੀ ਖੁਸ਼ਹਾਲੀ ਜਦੋਂ ਪਰਮੇਸ਼ੁਰ ਨੇੜੇ ਸੀ (29:1-6)

**1 ਅੱਯੂਬ ਨੇ ਫੇਰ ਆਪਣਾ ਦ੍ਰਿਸ਼ਟਾਂਤ ਦੇ ਕੇ ਆਖਿਆ, 2 ਕਾਸ਼ ਕਿ ਮੈਂ ਹੁੰਦਾ ਜਿਵੇਂ
ਪਰਾਚੀਨ ਮਹੀਨਿਆਂ ਵਿੱਚ, ਜਿਵੇਂ ਉਨ੍ਹੀਂ ਦਿਨੀਂ ਜਦ ਪਰਮੇਸ਼ੁਰ ਮੇਰੀ ਪਾਲਨਾ ਕਰਦਾ ਸੀ,
3 ਜਦ ਉਹ ਦਾ ਦੀਵਾ ਮੇਰੇ ਸਿਰ ਉੱਤੇ ਲੋ ਕਰਦਾ ਸੀ, ਜਦ ਮੈਂ ਉਹ ਦੇ ਚਾਨਣ ਨਾਲ ਅਨ੍ਹੇਰੇ
ਵਿੱਚ ਚੱਲਦਾ ਸਾਂ, 4 ਜਿਵੇਂ ਮੈਂ ਆਪਣੀ ਵਾਫ਼ਰੀ ਦੇ ਦਿਨਾਂ ਵਿੱਚ ਹੁੰਦਾ ਸਾਂ, ਜਦ ਪਰਮੇਸ਼ੁਰ
ਦਾ ਸਤ ਸੰਗ ਮੇਰੇ ਤੰਬੂ ਉੱਤੇ ਸੀ, 5 ਜਦ ਸਰਬ ਸ਼ਕਤੀਮਾਨ ਅਜੇ ਮੇਰੇ ਨਾਲ ਹੀ ਸੀ, ਅਤੇ
ਮੇਰੇ ਬਾਲ ਬੱਚੇ ਮੇਰੇ ਆਲੇ ਦੁਆਲੇ ਸਨ, 6 ਜਦ ਮੇਰੇ ਕਦਮ ਦਹੀ ਨਾਲ ਧੋਤੇ ਜਾਂਦੇ, ਅਤੇ
ਚਟਾਨ ਮੇਰੇ ਲਈ ਤੇਲ ਦੀਆਂ ਧਾਰਾਂ ਵਗਾਉਂਦੀ ਸੀ।**

**ਆਇਤ 1. ਅੱਯੂਬ ਨੇ ਫੇਰ ਆਪਣਾ ਦ੍ਰਿਸ਼ਟਾਂਤ ਦੇ ਕੇ ਆਖਿਆ** ਮਿੱਤਰਾਂ ਦੇ ਚੁੱਪ ਕਰਾਏ ਜਾਣ ਤੋਂ ਬਾਅਦ ਅੱਯੂਬ ਦੀਆਂ ਅੰਤਮ ਗੱਲਾਂਬਾਤਾਂ ਦੀ ਇਕ ਲੜੀ ਦਾ ਸੰਕੇਤ ਦਿੰਦਾ ਹੈ। ਇਬਰਾਨੀ ਵਿਚ, ਇਹ ਸ਼ਬਦ 27:1 ਵਿਚ ਸ਼ੁਰੂਆਤੀ ਕਥਨ ਦੇ ਸਮਾਨ ਹਨ।

**ਆਇਤ 2. ਕਾਸ਼ ਕਿ ਮੈਂ ਹੁੰਦਾ ਜਿਵੇਂ ਪਰਾਚੀਨ ਮਹੀਨਿਆਂ ਵਿੱਚ, ਜਿਵੇਂ ਉਨ੍ਹੀਂ ਦਿਨੀਂ ਜਦ ਪਰਮੇਸ਼ੁਰ ਮੇਰੀ ਪਾਲਨਾ ਕਰਦਾ ਸੀ।** ਅੱਯੂਬ ਉਨ੍ਹਾਂ ਦਿਨਾਂ ਦੇ ਲਈ ਤਰਸਿਆ ਜਿਨ੍ਹਾਂ ਦਾ ਵਰਣਨ ਪੁਸਤਕ ਦੇ ਸ਼ੁਰੂ ਵਿਚ ਕੀਤਾ ਗਿਆ ਸੀ (1:1-5)। ਅੱਯੂਬ ਦੀ ਪੂਰੀ ਗੱਲਬਾਤ ਦੌਰਾਨ ਨੋਟ ਕੀਤਾ ਗਿਆ ਹੈ ਕਿ ਉਸ ਨੇ ਆਪਣੇ ਦੁੱਖ ਦੇ ਦੌਰਾਨ ਪਰਮੇਸ਼ੁਰ ਦੇ ਆਪਣੇ ਆਪ ਤੋਂ ਦੂਰ ਹੋਣ ਦੀ ਪ੍ਰਬਲ ਭਾਵਨਾ ਨੂੰ ਮਹਿਸੂਸ ਕੀਤਾ। “ਪਾਲਨਾ ਕਰਨਾ” (שָׁמַר, *ਸ਼ਮਰ)* ਕਿਸੇ

ਦੀ "ਰਾਖੀ" ਜਾਂ "ਸੁਰੱਖਿਆ" ਕਰਨਾ ਹੈ।[2] ਇਹ ਉਸ ਦਾ "ਬਹੁਤ ਜ਼ਿਆਦਾ ਧਿਆਨ ਰੱਖਣਾ" ਹੈ।[3] ਇਹੀ ਸ਼ਬਦ ਹਾਰੂਨ ਦੇ ਖ਼ੂਬਸੂਰਤ ਬਰਕਤ ਦੇ ਕਲਮੇ ਵਿਚ ਵਰਤਿਆ ਗਿਆ ਹੈ: "ਯਹੋਵਾਹ ਤੈਨੂੰ ਬਰਕਤ ਦੇਵੇ ਅਤੇ ਤੇਰੀ *ਰਾਖੀ ਕਰੇ,* ਯਹੋਵਾਹ ਆਪਣੇ ਮੁਖੜੇ ਨੂੰ ਤੇਰੇ ਉੱਤੇ ਚਮਕਾਵੇ ਅਤੇ ਤੇਰੇ ਉੱਤੇ ਦਯਾ ਕਰੇ" (ਗਿਣਤੀ 6:24-26; ਜ਼ੋਰ ਦਿੱਤਾ ਗਿਆ ਹੈ)।

**ਆਇਤ 3. ਦੀਵਾ** ਅਤੇ **ਚਾਨਣ** ਪਰਮੇਸ਼ੁਰ ਦੀਆਂ ਬਰਕਤਾਂ ਅਤੇ ਮਾਰਗ ਦਰਸ਼ਨ ਦੇ ਪ੍ਰਤੀਕ ਹਨ (3:4; 18:6; 22:28; 25:3; 33:28)। "ਦੀਵਾ" ਆਮ ਤੌਰ ਤੇ ਮਿੱਟੀ ਦਾ ਇਕ ਟੁਕੜਾ ਸੀ ਜਿਸ ਵਿਚ ਜੈਤੂਨ ਦਾ ਤੇਲ ਅਤੇ ਇਕ ਬੱਤੀ ਪਾਈ ਜਾਂਦੀ ਸੀ। ਬੱਤੀ ਤੇਲ ਨੂੰ ਆਪਣੇ ਵਿਚ ਸੋਖ ਲੈਂਦੀ ਸੀ ਅਤੇ ਫਿਰ ਇਹ ਦੀਵਾ ਬਲਦਾ ਸੀ।

**ਆਇਤ 4. ਜਿਵੇਂ ਮੈਂ ਆਪਣੀ ਵਾਫ਼ਰੀ ਦੇ ਦਿਨਾਂ ਵਿੱਚ ਹੁੰਦਾ ਸਾਂ, ਜਦ ਪਰਮੇਸ਼ੁਰ ਦਾ ਸਤ ਸੰਗ ਮੇਰੇ ਤੰਬੂ ਉੱਤੇ ਸੀ।** "ਵਾਫ਼ਰੀ ਦੇ ਦਿਨਾਂ" ਸ਼ਾਬਦਿਕ ਤੌਰ ਤੇ "ਮੇਰੇ ਪਤਝੜ ਦੇ ਦਿਨਾਂ" ਹੈ। ਇਹ ਸ਼ਬਦ חֹרֶף *(ਚੋਰੇਪ)* ਫਸਲ ਦੀ ਗਿਰਾਵਟ ਦੇ ਸਮੇਂ ਦਾ ਹਵਾਲਾ ਦਿੰਦਾ ਹੈ ਜਦੋਂ ਫਸਲਾਂ ਪੂਰੀ ਤਰ੍ਹਾਂ ਪੱਕ ਜਾਂਦੀਆਂ ਸਨ। "ਸਤ ਸੰਗ" (סוֹד, *ਸੋਡ)* ਦਾ ਅਰਥ "ਸਲਾਹ," "ਗੂੜ੍ਹਾ ਸੰਬੰਧ," ਜਾਂ "ਦਿਲੀ ਦੋਸਤੀ ਦਾ ਚੱਕਰ" ਹੈ।[4] ਸੁਲੇਮਾਨ ਨੇ ਕਿਹਾ ਕਿ ਪਰਮੇਸ਼ੁਰ ਦੀ "ਸਚਿਆਰਾਂ ਨਾਲ ਦੋਸਤੀ [*ਸੋਡ*] ਹੈ" (ਕਹਾਉਤਾਂ 3:32)।

**ਆਇਤ 5.** ਇਕ ਬੱਚੇ ਨੂੰ ਗੁਆਉਣ ਦਾ ਵਿਚਾਰ ਬਹੁਤ ਡਾਢਾ ਹੈ। ਇੱਕੋ ਸਮੇਂ ਦਸ **ਬਾਲ ਬੱਚੇ** ਗੁਆਉਣਾ ਤਕਰੀਬਨ ਕਿਸੇ ਵੀ ਪਰਿਵਾਰ ਲਈ ਅਸਹਿਯੋਗ ਹੋਵੇਗਾ। ਇਹੀ ਕਾਰਣ ਸੀ ਕਿ ਅੱਯੂਬ ਨੇ ਆਪਣੇ ਆਪ ਨੂੰ **ਸਰਬ ਸ਼ਕਤੀਮਾਨ** ਤੋਂ ਦੂਰ ਮਹਿਸੂਸ ਕੀਤਾ।

**ਆਇਤ 6. ਜਦ ਮੇਰੇ ਕਦਮ ਦਹੀ ਨਾਲ ਧੋਤੇ ਜਾਂਦੇ, ਅਤੇ ਚਟਾਨ ਮੇਰੇ ਲਈ ਤੇਲ ਦੀਆਂ ਧਾਰਾਂ ਵਗਾਉਂਦੀ ਸੀ।** ਇੱਥੇ ਰੂਪਕ ਬਹੁਤ ਸਾਰੀਆਂ ਭੌਤਿਕ ਬਰਕਤਾਂ ਦਾ ਹੈ (ਵੇਖੋ ਬਿਵਸਥਾ ਸਾਰ 32:13, 14; 33:24)। "ਦਹੀ," חֵמָה *(ਚੀਮਾਹ)* ਲਈ ਇੱਥੇ ਜਿਹੜਾ ਸ਼ਬਦ ਵਰਤਿਆ ਗਿਆ ਹੈ ਉਸ ਦਾ ਅਨੁਵਾਦ "ਦਹੀਂ" ਵੀ ਕੀਤਾ ਜਾ ਸਕਦਾ ਹੈ ਜਿਵੇਂ ਕਿ 20:17 ਵਿਚ ਹੈ। ਅੱਯੂਬ ਦੀਆਂ ਗਾਵਾਂ ਅਤੇ ਬੱਕਰੀਆਂ ਵੀ ਇਕ ਸਮੇਂ ਬਹੁਤ "ਦੁੱਧ" (TEV; NRSV; NLT) ਦਿੰਦੀਆਂ ਸਨ, ਜਿਸ ਨੂੰ ਫਿਰ "ਮਲਾਈ" (NIV; NKJV; NJPSV) ਵਿਚ ਬਦਲ ਦਿੱਤਾ ਜਾਂਦਾ ਸੀ। ਅੱਯੂਬ ਉੱਤੇ ਇੰਨੀ ਜ਼ਿਆਦਾ ਰਹਿਤਮ ਸੀ ਕਿ ਲਾਖਣਿਕ ਤੌਰ ਤੇ ਗੱਲ ਕਰੀਏ ਤਾਂ ਅੱਯੂਬ ਕੋਲ "ਆਪਣੇ ਪੈਰਾਂ ਨੂੰ ਸੰਘਣੀ ਮਲਾਈ ਵਿਚ ਧੋਣ ਦੀ ਸਹੂਲਤ ਸੀ।"[5]

"ਚਟਾਨ" ਸੰਭਵ ਤੌਰ ਤੇ ਕੱਟੀ ਹੋਈ ਚਟਾਨ ਦੇ ਕੋਹਲੂ ਦਾ ਹਵਾਲਾ ਹੈ। ਇਨ੍ਹਾਂ ਵਿੱਚੋਂ ਇਕ ਗਜ਼ਰ ਵਿਖੇ 1969 ਦੀ ਗਰਮੀਆਂ ਦੀ ਖੁਦਾਈ ਵਿਚ ਪਾਇਆ ਗਿਆ ਸੀ। ਇਹ ਦੋਵੇਂ ਪਾਸਿਆਂ ਤੋਂ ਪਲੱਸਤਰ ਕੀਤਾ ਗਿਆ ਅਤੇ ਇਸ ਦਾ ਇਕ ਕੱਪ ਵਰਗਾ ਜਾਲ ਸੀ ਜਿੱਥੇ ਪੱਕੇ ਹੋਏ ਜ਼ੈਤੂਨ ਨੂੰ ਕੁਚਲਣ ਤੋਂ ਬਾਅਦ ਜੈਤੂਨ ਦਾ ਤੇਲ ਡਿੱਗਦਾ ਸੀ। ਜ਼ੈਤੂਨ ਵਿੱਚੋਂ ਨਿਕਲਿਆ "ਤੇਲ" ਦੁਨੀਆਂ ਭਰ ਵਿਚ ਖਾਣਾ ਪਕਾਉਣ, ਬਾਲਣ ਅਤੇ ਮਲ੍ਹਮ ਲਈ ਵਰਤਿਆ ਜਾਂਦਾ ਸੀ।

## ਅੱਯੂਬ ਦੀ ਆਦਰ ਦੀ ਪੁਰਾਣੀ ਹਾਲਤ (29:7-11)

**7ਜਦ ਮੈਂ ਨਗਰ ਦੇ ਫਾਟਕ ਕੋਲ ਜਾਂਦਾ, ਜਦ ਮੈਂ ਚੌਂਕ ਵਿੱਚ ਆਪਣੀ ਚੌਂਕੀ ਤਿਆਰ**
**ਕਰਦਾ, 8ਤਦ ਜੁਆਨ ਮੈਨੂੰ ਵੇਖ ਕੇ ਹਟ ਜਾਂਦੇ, ਅਤੇ ਬੁੱਢੇ ਉੱਠ ਖੜੇ ਹੁੰਦੇ ਸਨ। 9ਸਰਦਾਰ**
**ਗੱਲਾਂ ਨੂੰ ਛੱਡ ਦਿੰਦੇ ਸਨ, ਅਤੇ ਆਪਣੇ ਹੱਥ ਮੂੰਹ ਉੱਤੇ ਰੱਖਦੇ ਸਨ। 10ਹਾਕਮਾਂ ਦੀ ਅਵਾਜ਼**
**ਚੁੱਪ ਹੋ ਜਾਂਦੀ, ਅਤੇ ਉਨ੍ਹਾਂ ਦੀ ਜੀਭ ਤਾਲੂ ਨਾਲ ਲੱਗ ਜਾਂਦੀ ਸੀ। 11ਜਦ ਕੰਨ ਸੁਣਦਾ ਤਦ**
**ਮੈਨੂੰ ਧੰਨ ਆਖਦਾ ਸੀ, ਅਤੇ ਜਦ ਅੱਖ ਵੇਖਦੀ ਤਦ ਮੇਰੀ ਸਾਖੀ ਦਿੰਦੀ ਸੀ।**

**ਆਇਤ 7. ਨਗਰ ਦਾ ਫਾਟਕ** ਅਤੇ **ਚੌਂਕ** ਉਹ ਥਾਵਾਂ ਸਨ ਜਿੱਥੇ ਸ਼ਹਿਰ ਦਾ ਸਰਕਾਰੀ ਕਾਰੋਬਾਰ ਕੀਤਾ ਜਾਂਦਾ ਸੀ ਅਤੇ ਮੁਕਦਮੇਬਾਜ਼ਾਂ ਵਿਚਕਾਰ ਫ਼ੈਸਲੇ ਕੀਤੇ ਜਾਂਦੇ ਸਨ। ਦਾਊਦ ਦਾ ਪੁੱਤਰ, ਅਬਸ਼ਾਲੋਮ ਨਿਆਂ ਨੂੰ ਵਿਗਾੜਨ ਅਤੇ ਦਾਊਦ ਦੀ ਪਰਜਾ ਦੇ ਦਿਲਾਂ ਨੂੰ ਜਿੱਤਣ ਲਈ ਸ਼ਹਿਰ ਦੇ ਫਾਟਕ ਕੋਲ ਖਲੋਂਦਾ ਸੀ (2 ਸਮੂਏਲ 15:2-6)। ਇਹ ਅਜਿਹੀ ਥਾਂ ਸੀ ਜਿੱਥੇ ਅਜ਼ਰਾ ਨੇ ਇਕੱਠੇ ਹੋਏ ਲੋਕਾਂ ਦੇ ਲਈ ਯਹੋਵਾਹ ਦੀ ਬਿਵਸਥਾ ਨੂੰ ਪੜ੍ਹਿਆ ਸੀ (ਨਹਮਯਾਹ 8:1-8)। ਬੋਅਜ਼ ਨੇ ਬੈਤਲਹਮ ਦੇ ਫਾਟਕ ਤੇ ਇਕੱਠੇ ਹੋਏ ਲੋਕਾਂ ਦੇ ਸਾਹਮਣੇ ਇਕ ਰਿਸ਼ਤੇਦਾਰ ਤੋਂ ਛੁਟਕਾਰੇ ਦੇ ਹੱਕ ਨੂੰ ਪ੍ਰਾਪਤ ਕੀਤਾ ਸੀ (ਰੂਥ 4:1-10)।

1969 ਵਿਚ ਗਜ਼ਰ ਵਿਖੇ ਖੁਦਾਈ ਵਿਚ, ਇਕ ਸੁਲੇਮਾਨੀ ਫਾਟਕ ਮਿਲਿਆ ਸੀ ਜਿਸ ਦੇ ਦੋਵੇਂ ਪਾਸੇ ਤਿੰਨ ਕੁੰਜਾਂ ਅਤੇ ਬੈਂਚ ਸਨ। ਇਹ ਸਪੱਸ਼ਟ ਹੈ ਕਿ ਇਹ ਸ਼ਹਿਰ ਦੇ ਕਾਰੋਬਾਰ ਨੂੰ ਚਲਾਉਣ ਦੀ ਜਗ੍ਹਾ ਸੀ। ਇਸ ਤਰ੍ਹਾਂ ਦੇ ਫਾਟਕਾਂ ਦੀ ਇਸਰਾਏਲ ਦੇ ਹੋਰ ਸ਼ਹਿਰਾਂ, ਜਿਵੇਂ ਕਿ ਮਗਿੱਦੋ ਅਤੇ ਹਸੋਰ ਵਿਚ ਖੁਦਾਈ ਕੀਤੀ ਗਈ ਸੀ।[6]

**ਆਇਤਾਂ 8-10.** ਸਮਾਜ ਵਿਚ ਵੱਡਾ ਆਦਰ ਜਿਸ ਦਾ ਅੱਯੂਬ ਨੇ ਇਕ ਵਾਰ ਅਨੰਦ ਮਾਣਿਆ ਸੀ ਇਨ੍ਹਾਂ ਆਇਤਾਂ ਵਿਚ ਦਿਖਾਇਆ ਗਿਆ ਹੈ। "ਜਵਾਨ ਮੈਨੂੰ ਵੇਖ ਕੇ ਹਟ ਜਾਂਦੇ, ਅਤੇ ਬੁੱਢੇ ਉੱਠ ਖਵੇ ਹੁੰਦੇ ਸਨ।" ਇਹ ਕੰਮ ਇਕ ਆਗੂ ਦੇ ਰੂਪ ਵਿਚ ਅੱਯੂਬ ਲਈ ਉਨ੍ਹਾਂ ਦੇ ਆਦਰ ਨੂੰ ਵਿਖਾਉਂਦੇ ਸਨ। **ਸਰਦਾਰ ਗੱਲਾਂ ਨੂੰ ਛੱਡ ਦਿੰਦੇ ਸਨ** ਅਤੇ **ਹਾਕਮਾਂ ਦੀ ਅਵਾਜ਼ ਚੁੱਪ ਹੋ ਜਾਂਦੀ ਸੀ** ਕਿਉਂਕਿ ਉਹ ਅੱ ਯੂਬ ਨੂੰ ਸਮਾਜ ਵਿਚ ਇਕ ਆਗੂ ਵਜੋਂ ਸਤਿਕਾਰ ਦਿੰਦੇ ਸਨ। ਰਾਜਕੁਮਾਰਾਂ ਦੀ **ਜੀਭ ਤਾਲੂ ਨਾਲ ਲੱਗ ਜਾਂਦੀ ਸੀ** ਜੋ ਕਿ ਡਰ ਅਤੇ ਖਾਮੋਸ਼ੀ ਦਾ ਸੰਕੇਤ ਸੀ (21:5 ਤੇ ਟਿੱਪਣੀਆਂ ਵੇਖੋ)।

**ਆਇਤ 11.** ਲੋਕਾਂ ਦੇ ਅੱਯੂਬ ਦੀ ਸਲਾਹ ਨੂੰ ਧਿਆਨ ਨਾਲ ਸੁਣਨ ਤੋਂ ਬਾਅਦ, ਉਨ੍ਹਾਂ ਨੇ ਉਸ ਨੂੰ ਅਸੀਸ ਦਿੱਤੀ ਅਤੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਉਸ ਦੇ ਐਲਾਨ ਸਹੀ ਸਨ।

## ਦੂਜਿਆਂ ਲਈ ਅੱਯੂਬ ਦੀ ਸੱਚੀ ਚਿੰਤਾ (29:12-17)

**12ਕਿਉਂ ਜੋ ਮੈਂ ਮਸਕੀਨ ਨੂੰ ਛੁਡਾਉਂਦਾ ਸਾਂ ਜਦ ਉਹ ਦੁਹਾਈ ਦਿੰਦਾ, ਅਤੇ ਯਤੀਮ ਨੂੰ ਜਦ ਉਹ ਦਾ ਕੋਈ ਸਹਾਇਕ ਨਹੀਂ ਸੀ। 13ਨਾਸ ਹੋਣ ਵਾਲੇ ਦੀ ਬਰਕਤ ਮੇਰੇ ਉੱਤੇ ਆਉਂਦੀ ਸੀ, ਅਤੇ ਵਿਧਵਾ ਦਾ ਦਿਲ ਮੇਰੇ ਕਾਰਨ ਜੈਕਾਰਾ ਗਜਾਉਂਦਾ ਸੀ। 14ਮੈਂ ਧਰਮ ਨੂੰ ਪਹਿਨ ਲੈਂਦਾ ਅਤੇ ਉਹ ਮੇਰਾ ਲਿਬਾਸ ਹੁੰਦਾ ਸੀ, ਮੇਰਾ ਨਿਆਉਂ ਚੋਗੇ ਤੇ ਅਮਾਮੇ ਜਿਹਾ ਸੀ, 15ਮੈਂ ਅੰਨ੍ਹਿਆਂ ਲਈ ਅੱਖਾਂ ਸਾਂ, ਅਤੇ ਲੰਗੜਿਆਂ ਲਈ ਲੱਤਾਂ ਸਾਂ, 16ਮੈਂ ਕੰਗਾਲਾਂ ਲਈ ਪਿਤਾ ਸਾਂ, ਅਤੇ ਮੈਂ ਆਪਣੇ ਨਾਵਾਕਿਫ਼ ਦੇ ਮੁਕੱਦਮੇ ਦੀ ਵੀ ਪੜਤਾਲ ਕਰਦਾ ਸਾਂ, 17ਮੈਂ ਬੁਰਿਆਰ ਦੇ ਵੱਡੇ ਦੰਦ ਭੰਨ ਸੁੱਟਦਾ, ਅਤੇ ਉਹ ਦੇ ਦੰਦਾਂ ਤੋਂ ਸ਼ਿਕਾਰ ਕਢਾਉਂਦਾ ਸਾਂ।**

**ਆਇਤ 12.** ਅੱਯੂਬ ਦੇ ਸਮਾਜ ਵਿਚ ਪਹਿਲੇ ਰੁਤਬੇ (29:7-11) ਦਾ ਸਿੱਧਾ ਸੰਬੰਧ ਉਸ ਦੇ **ਮਸਕੀਨ** ਅਤੇ **ਅਨਾਥ** ਨਾਲ ਕੀਤੇ ਗਏ ਦਿਆਲੂ ਵਿਹਾਰ ਨਾਲ ਸੀ। ਅਲੀਫ਼ਜ਼ ਨੇ ਅੱਯੂਬ ਉੱਤੇ ਗਰੀਬਾਂ ਉੱਤੇ ਜ਼ੁਲਮ ਕਰਨ ਦਾ ਦੋਸ਼ ਲਾਇਆ ਸੀ (22:6-9), ਇਕ ਅਜਿਹਾ ਦੋਸ਼ ਜਿਸ ਨੂੰ ਅੱਯੂਬ ਨੇ ਜ਼ੋਰ ਨਾਲ ਨਕਾਰ ਦਿੱਤਾ ਸੀ। ਇਸ ਦੀ ਬਜਾਇ, ਅੱਯੂਬ ਨੇ ਸਮਾਜ ਵਿਚ ਆਪਣੇ ਪ੍ਰਭਾਵ ਦਾ ਇਸਤੇਮਾਲ ਕੀਤਾ ਸੀ ਜਿਵੇਂ ਪਰਮੇਸ਼ੁਰ ਚਾਹੁੰਦਾ ਸੀ (ਵੇਖੋ ਜ਼ਬੂਰ 72); ਉਸ ਨੇ ਲਾਚਾਰਾਂ ਦੀਆਂ ਦੁਹਾਈਆਂ ਨੂੰ ਸੁਣਿਆ ਅਤੇ ਉਨ੍ਹਾਂ ਨੂੰ **ਛੁਡਾ ਲਿਆ।**

**ਆਇਤ 13. ਨਾਸ ਹੋਣ ਵਾਲੇ** ਅਤੇ **ਵਿਧਵਾ** ਦੋਹਾਂ ਨੂੰ ਅੱਯੂਬ ਕੋਲੋਂ ਦਿਲਾਸਾ ਅਤੇ

ਸਹਾਇਤਾ ਮਿਲੀ ਸੀ। ਉਨ੍ਹਾਂ ਨੇ ਉਸ ਨੂੰ ਅਸੀਸ ਦਿੱਤੀ ਅਤੇ ਉਸ ਦੇ ਕੰਮਾਂ ਕਾਰਨ ਖੁਸ਼ ਹੋਏ।

**ਆਇਤ 14.** ਸਾਰਿਆਂ ਦੇ ਵੇਖਣ ਲਈ ਅੱਯੂਬ ਨੇ **ਧਰਮ** ਅਤੇ **ਨਿਆਉਂ** ਨੂੰ **ਚੋਗੇ ਤੇ ਅਮਾਮੇ ਜਿਹਾ** ਪਹਿਨਿਆ ਹੋਇਆ ਸੀ। ਉਸ ਨੇ ਅਜਿਹੇ ਫ਼ੈਸਲੇ ਸੁਣਾਏ ਜੋ ਬਿਨ੍ਹਾਂ ਕਿਸੇ ਪੱਖਪਾਤ ਦੇ ਸਹੀ ਅਤੇ ਨੈਤਿਕ ਮਿਆਰਾਂ ਦੇ ਅਨੁਸਾਰ ਸਨ। ਅਜਿਹੇ ਗੁਣਾਂ ਨੂੰ **ਪਹਿਨਣ** ਦੀ ਧਾਰਣਾ ਨਵੇਂ ਨੇਮ ਵਿਚ ਵੀ ਵੇਖੀ ਜਾਂਦੀ ਹੈ। ਪੌਲੁਸ ਨੇ ਰੋਮੀਆਂ ਨੂੰ "ਅਨ੍ਹੇਰੇ ਦੇ ਕੰਮ ਛੱਡ ਕੇ ਚਾਨਣ ਦੀ ਸੰਜੋ ਪਹਿਨਣ" (ਰੋਮੀਆਂ 13:12) ਅਤੇ "ਪ੍ਰਭੂ ਯਿਸੂ ਮਸੀਹ ਨੂੰ ਪਹਿਨਣ ਅਤੇ ਸਰੀਰ ਦੇ ਵਿਸ਼ਿਆਂ ਲਈ ਕੋਈ ਤਰੱਦਦ ਨਾ ਕਰਨ" (ਰੋਮੀਆਂ 13:14) ਦੀ ਤਾਕੀਦ ਕੀਤੀ ਸੀ। ਉਸ ਨੇ ਅਫ਼ਸੀਆਂ ਨੂੰ ਕਿਹਾ ਕਿ "ਪਰਮੇਸ਼ੁਰ ਦੇ ਸਾਰੇ ਸ਼ਸਤ੍ਰ ਬਸਤ੍ਰ ਧਾਰੋ ਤਾਂ ਜੋ ਤੁਸੀਂ ਸ਼ਤਾਨ ਦੇ ਛਲ ਛਿੱਦ੍ਰਾਂ ਦੇ ਸਾਹਮਣੇ ਖਲੋ ਸੱਕੋ" (ਅਫ਼ਸੀਆਂ 6:11)। ਕੁਲੁੱਸੀਆਂ ਨੂੰ, ਉਸ ਨੇ ਕਿਹਾ, "ਤੁਸੀਂ ਰਹਿਮ ਦਿਲੀ, ਦਿਆਲਗੀ, ਅਧੀਨਗੀ, ਨਰਮਾਈ ਅਤੇ ਧੀਰਜ ਨੂੰ ਪਹਿਨ ਲਓ" (ਕੁਲੁੱਸੀਆਂ 3:12)।

**ਆਇਤਾਂ 15, 16. ਅੰਨ੍ਹਿਆਂ**, **ਲੰਗੜਿਆਂ** ਅਤੇ **ਕੰਗਾਲਾਂ** ਨੂੰ ਅੱਯੂਬ ਵੱਲੋਂ ਪਿਤਾ ਵਰਗੀ ਦੇਖਭਾਲ ਮਿਲੀ। ਉਸ ਨੂੰ ਉਨ੍ਹਾਂ ਦੀ ਸਹਾਇਤਾ ਕਰਨ ਲਈ ਉਨ੍ਹਾਂ ਨੂੰ ਨਿੱਜੀ ਤੌਰ ਤੇ ਜਾਣਨ ਦੀ ਜ਼ਰੂਰਤ ਨਹੀਂ ਸੀ। ਐੱਚ. ਐੱਚ. ਰਾਉਲੀ ਨੇ ਕਿਹਾ,

> ਇਹ ਸੱਚਮੁੱਚ ਬਹੁਤ ਵੱਡਾ ਦਿਲ ਹੈ। ਕੁਝ ਲੋਕ ਸਿਰਫ ਉਨ੍ਹਾਂ ਗਰੀਬ ਲੋਕਾਂ ਦੀ ਮਦਦ ਕਰਦੇ ਹਨ ਜਿਨ੍ਹਾਂ ਨੂੰ ਉਹ ਜਾਣਦੇ ਹਨ। ਪਰ ਅਜਨਬੀਆਂ ਦੇ ਮੁਕੱਦਮੇ ਨੂੰ ਵੇਖਣਾ ਜਿਨ੍ਹਾਂ ਨੇ ਇਨਸਾਫ ਤੋਂ ਇਨਕਾਰ ਕਰਨ ਦਾ ਜੋਖਮ ਉਠਾਇਆ ਸੀ ਅਤੇ ਇਹ ਵੇਖਣਾ ਕਿ ਉਨ੍ਹਾਂ ਨਾਲ ਸਹੀ ਵਿਹਾਰ ਕੀਤਾ ਗਿਆ ਸੀ ਅਜੇ ਵੀ ਹੋਰ ਅਸਧਾਰਣ ਸੀ। ਅੱਯੂਬ ਨੇ ਆਪਣੀ ਤਾਕਤ ਅਤੇ ਪ੍ਰਭਾਵ ਨੂੰ ਆਪਣੇ ਸੁਆਰਥ ਲਈ ਨਹੀਂ, ਬਲਕਿ ਧਾਰਮਿਕਤਾ ਲਈ ਵਰਤਿਆ।[7]

**ਆਇਤ 17.** ਅੱਯੂਬ ਨੇ **ਬੁਰਿਆਰ ਦੇ ਵੱਡੇ ਦੰਦ ਭੰਨ ਸੁੱਟੇ** ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਸ਼ਿਕਾਰਾਂ ਨੂੰ ਖਾਣ ਤੋਂ ਰੋਕ ਦਿੱਤਾ। ਇਹ ਰੂਪਕ ਉਨ੍ਹਾਂ ਸਖ਼ਤ ਕਦਮਾਂ ਨੂੰ ਦਰਸਾਉਂਦਾ ਹੈ ਜੋ ਉਸ ਨੇ ਅਪਰਾਧਾਂ ਅਤੇ ਅਨਿਆਵਾਂ ਦਾ ਮੁਕਾਬਲਾ ਕਰਨ ਲਈ ਅਪਣਾਏ ਸਨ।

## ਅੱਯੂਬ ਦਾ ਵਿਸ਼ਵਾਸ ਕਿ ਉਹ ਪਰਤਾਪ ਨਾਲ ਮਰੇਗਾ (29:18-20)

**[18]ਤਾਂ ਮੈਂ ਆਖਿਆ, ਮੈਂ ਆਪਣੀ ਕੁੱਲੀ ਵਿੱਚ ਮਰਾਂਗਾ, ਆਪਣੇ ਦਿਨ ਰੇਤ ਜਿੰਨੇ ਵਧਾਵਾਂਗਾ। [19]ਮੇਰੀਆਂ ਜੜ੍ਹਾਂ ਪਾਣੀ ਤਾਈਂ ਫੈਲਦੀਆਂ ਹਨ, ਅਤੇ ਤ੍ਰੇਲ ਮੇਰੀਆਂ ਟਹਿਣੀਆਂ ਉੱਤੇ ਰਾਤ ਭਰ ਰਹਿੰਦੀ ਹੈ। [20]ਮੇਰਾ ਪਰਤਾਪ ਮੇਰੇ ਨਾਲ ਤਾਜ਼ਾ ਹੈ, ਅਤੇ ਮੇਰਾ ਧਣੁਖ ਮੇਰੇ ਹੱਥ ਵਿੱਚ ਨਵਾਂ ਬਣ ਜਾਂਦਾ ਹੈ।**

**ਆਇਤਾਂ 18-20.** ਆਪਣੇ ਪਰਿਵਾਰ ਉੱਤੇ ਬਿਪਤਾਵਾਂ ਅਤੇ ਉਸ ਦੇ ਆਪਣੇ ਉੱਤੇ ਨਿੱਜੀ ਬਵਾ ਆਉਣ ਤੋਂ ਪਹਿਲਾਂ, ਅੱਯੂਬ ਨੇ ਸੋਚਿਆ ਸੀ ਕਿ ਉਹ ਇਕ ਲੰਬੀ, ਸ਼ਾਂਤਮਈ ਅਤੇ ਖੁਸ਼ਹਾਲ ਜ਼ਿੰਦਗੀ ਜੀਵੇਗਾ। **ਕੁੱਲੀ** (קֵן, *ਕੇਨ*) ਉਸ ਦੇ ਆਪਣੇ ਘਰ ਦੀ ਸੁਰੱਖਿਆ ਅਤੇ ਅਰਾਮ ਦੀ ਪ੍ਰਤੀਨਿਧ ਹੈ। ਅੱਯੂਬ ਨੇ ਆਪਣੀ ਪਤਨੀ, ਦਸ ਬੱਚਿਆਂ ਅਤੇ ਉਸ ਦੇ ਘਰ ਦੇ ਹੋਰ ਮੈਂਬਰਾਂ ਨਾਲ ਘਿਰੇ ਹੋਏ, ਸ਼ਾਂਤੀਪੂਰਵਕ ਮਰਨ ਦੀ ਕਲਪਨਾ ਕੀਤੀ ਸੀ।

**ਮੇਰੀਆਂ ਜੜ੍ਹਾਂ ਪਾਣੀ ਤਾਈਂ ਫੈਲਦੀਆਂ ਹਨ, ਅਤੇ ਤ੍ਰੇਲ ਮੇਰੀਆਂ ਟਹਿਣੀਆਂ ਉੱਤੇ ਰਾਤ ਭਰ ਰਹਿੰਦੀ ਹੈ।** ਜ਼ਬੂਰ 1 ਵਿਚ ਵਾਅਦਾ ਕੀਤੀ ਗਈ ਬਰਕਤ ਆਇਤ 19 ਵਿਚ ਦਰਸਾਈ

ਗਈ ਹੈ। ਉੱਥੇ ਜ਼ਬੂਰ ਲਿਖਣ ਵਾਲੇ ਨੇ ਐਲਾਨ ਕੀਤਾ ਸੀ ਕਿ ਜਿਹੜਾ ਯਹੋਵਾਹ ਦੀ ਬਿਵਸਥਾ ਵਿਚ ਮਗਨ ਰਹਿੰਦਾ ਹੈ "ਉਸ ਬਿਰਛ ਵਰਗਾ ਹੋਵੇਗਾ, ਜੋ ਪਾਣੀ ਦੀਆਂ ਨਦੀਆਂ ਉੱਤੇ ਲਾਇਆ ਹੋਇਆ ਹੈ, ਜਿਹੜਾ ਰੁਤ ਸਿਰ ਆਪਣਾ ਫਲ ਦਿੰਦਾ ਹੈ, ਜਿਹ ਦੇ ਪੱਤੇ ਨਹੀਂ ਕੁਮਲਾਉਂਦੇ, ਅਤੇ ਜੋ ਕੁਝ ਉਹ ਕਰੇ ਸੋ ਸਫ਼ਲ ਹੁੰਦਾ ਹੈ" (ਜ਼ਬੂਰ 1:3)।

## ਅੱਯੂਬ ਦੀ ਸਲਾਹ ਲਈ ਗਈ (29:21-25)

**[21]ਲੋਕ ਮੇਰੀ ਸੁਣਦੇ ਅਤੇ ਮੇਰੀ ਉਡੀਕ ਕਰਦੇ ਸਨ, ਅਤੇ ਮੇਰੀ ਸਲਾਹ ਲਈ ਚੁੱਪ**
**ਰਹਿੰਦੇ। [22]ਮੇਰੇ ਬੋਲਣ ਦੇ ਮਗਰੋਂ ਓਹ ਫੇਰ ਨਹੀਂ ਬੋਲਦੇ ਸਨ, ਅਤੇ ਮੇਰੀਆਂ ਗੱਲਾਂ ਉਨ੍ਹਾਂ**
**ਉੱਤੇ ਟਪਕਦੀਆਂ ਸਨ। [23]ਓਹ ਮੇਰੀ ਉਡੀਕ ਕਰਦੇ ਸਨ ਜਿਵੇਂ ਵਰਖਾ ਦੀ, ਅਤੇ ਆਪਣੇ**
**ਮੂੰਹ ਖੋਲ੍ਹਦੇ ਸਨ ਜਿਵੇਂ ਪਿੱਛਲੇ ਮੀਂਹ ਲਈ। [24]ਜਦ ਓਹ ਬੇਦਿਲ ਹੁੰਦੇ ਤਾਂ ਮੈਂ ਉਨ੍ਹਾਂ ਉੱਤੇ**
**ਮੁਸਕਰਾਉਂਦਾ, ਅਤੇ ਮੇਰੇ ਮੁੱਖ ਦਾ ਚਾਨਣ ਉਨ੍ਹਾਂ ਨੇ ਕਦੀ ਰੱਦ ਨਾ ਕੀਤਾ। [25]ਮੈਂ ਉਨ੍ਹਾਂ ਦਾ**
**ਰਾਹ ਚੁਣਦਾ ਸਾਂ ਅਤੇ ਪਰਮੁਖ ਹੋ ਕੇ ਬਹਿੰਦਾ ਸਾਂ, ਅਤੇ ਅਜਿਹਾ ਵੱਸਦਾ ਜਿਵੇਂ ਫੌਜ ਵਿੱਚ**
**ਰਾਜਾ, ਉਸ ਵਾਂਙੁ ਜਿਹੜਾ ਸੋਗੀਆਂ ਨੂੰ ਤਸੱਲੀ ਦਿੰਦਾ ਹੈ।**

**ਆਇਤਾਂ 21-25.** ਇਹ ਪੈਰ੍ਹਾ ਉਸ ਵਿਅਕਤੀ ਦੀ ਤਸਵੀਰ ਨੂੰ ਪੂਰਾ ਕਰਦਾ ਹੈ ਜਿਸ ਨੂੰ ਉਸ ਦੇ ਭਾਈਚਾਰੇ ਵੱਲੋਂ ਚੰਗਾ ਸਤਿਕਾਰ ਮਿਲਿਆ ਸੀ। ਲੋਕਾਂ ਨੇ ਧੀਰਜ ਨਾਲ ਅਤੇ ਚੁੱਪ-ਚਾਪ ਅੱਯੂਬ ਦੀ **ਸਲਾਹ** ਨੂੰ **ਸੁਣਿਆ**। ਉਸ ਦੀਆਂ **ਗੱਲਾਂ ਪਿੱਛਲੇ ਮੀਂਹ** ਵਾਂਗ ਤਾਜ਼ਗੀ ਦਿੰਦੀਆਂ ਸਨ (ਵੇਖੋ ਕਹਾਉਤਾਂ 16:15)। ਮੀਂਹ ਲਈ ਜਿਹੜਾ ਇਬਰਾਨੀ ਸ਼ਬਦ מַלְקוֹשׁ *(ਮਲਕੋਸ਼)* ਵਰਤਿਆ ਗਿਆ ਉਸ ਮੀਂਹ ਲਈ ਇਕ ਵਿਸ਼ੇਸ਼ ਸ਼ਬਦ ਹੈ ਜੋ ਮਾਰਚ ਅਤੇ ਅਪ੍ਰੈਲ ਵਿਚ ਆਉਂਦਾ ਸੀ। ਖੁਸ਼ਕ ਸਰਦੀਆਂ ਤੋਂ ਬਾਅਦ, ਇਹ ਮੀਂਹ ਨਵੇਂ ਪੌਦਿਆਂ ਦੇ ਉੱਗਣ ਅਤੇ ਵਧਣ ਲਈ ਜ਼ਰੂਰੀ ਸੀ।

ਅੱਯੂਬ ਨੇ ਇਕ ਪ੍ਰੇਰਣਾਦਾਇਕ ਆਗੂ ਵਜੋਂ ਸੇਵਾ ਕੀਤੀ ਜਿਹੜਾ ਲੋਕਾਂ ਉੱਤੇ **ਮੁਸਕਰਾਉਂਦਾ** ਸੀ ਜਦੋਂ ਉਨ੍ਹਾਂ ਵਿਚ ਵਿਸ਼ਵਾਸ ਦੀ ਘਾਟ ਹੁੰਦੀ ਸੀ। [ਉਸ ਦੇ] **ਮੁੱਖ ਦਾ ਚਾਨਣ** ਉਨ੍ਹਾਂ ਨੂੰ ਉਨ੍ਹਾਂ ਦੇ ਸੰਘਰਸ਼ਾਂ ਉੱਤੇ ਜਿੱਤ ਪਾਉਣ ਅਤੇ ਸਹੀ ਰਾਹ ਦੀ ਚੋਣ ਕਰਨ ਲਈ ਉਤਸ਼ਾਹਿਤ ਕਰਦਾ ਸੀ।

ਅੱਯੂਬ ਨੂੰ ਉਸ ਦੇ ਲੋਕਾਂ ਵਿੱਚੋਂ **ਪਰਮੁਖ** ਜਾਂ **ਜਿਵੇਂ ਫੌਜ ਵਿੱਚ ਰਾਜਾ** ਹੁੰਦਾ ਸੀ ਉਸ ਤਰ੍ਹਾਂ ਚੁਣਿਆ ਗਿਆ ਸੀ। ਇਹ ਸ਼ਬਦ ਹੈਰਾਨੀ ਵਾਲੇ ਨਹੀਂ ਹੋਣੇ ਚਾਹੀਦੇ ਕਿਉਂਕਿ ਪੁਸਤਕ ਦਾ ਮੁਖਬੰਦ ਉਸ ਨੂੰ "ਪੂਰਬ ਦੇ ਸਾਰੇ ਲੋਕਾਂ ਵਿੱਚ ਸਭ ਤੋਂ ਵੱਡਾ ਮਨੁੱਖ" ਵਜੋਂ ਪੇਸ਼ ਕਰਦਾ ਹੈ (1:3)।

# ਪ੍ਰਾਸੰਗਿਕਤਾ

### "ਪਿੱਛਲੇ ਦਿਨ" (ਅਧਿਆਇ 29)

ਅੱਯੂਬ ਉੱਤੇ ਭਿਆਨਕ ਬਿਪਤਾਵਾਂ ਆਉਣ ਤੋਂ ਬਾਅਦ, ਉਹ "ਪਿੱਛਲੇ ਦਿਨਾਂ" ਦੀ ਉਡੀਕ ਵਿਚ ਸੀ। ਹਾਲਾਂਕਿ ਉਸ ਦਾ ਨੁਕਸਾਨ ਰਾਤੋ ਰਾਤ ਹੋਇਆ ਸੀ, ਅੱਯੂਬ ਦੀ ਹਾਲਤ ਅਤੇ ਅੱਜ ਬੁਢਾਪੇ ਦੀ ਪ੍ਰਕਿਰਿਆ ਦੇ ਵਿਚਕਾਰ ਬਹੁਤ ਸਾਰੀਆਂ ਸਮਾਨਤਾਵਾਂ ਹਨ। ਜਿਵੇਂ ਜਿਵੇਂ ਅਸੀਂ ਵੱਡੇ ਹੁੰਦੇ ਜਾਂਦੇ ਹਾਂ, ਅਸੀਂ ਅਕਸਰ ਬਹੁਤ ਕੁਝ ਗੁਆ ਲੈਂਦੇ ਹਾਂ ਜੋ ਸਾਡੀ ਜ਼ਿੰਦਗੀ ਦੇ ਢੰਗ ਦਾ ਹਿੱਸਾ ਸੀ।

*ਬੱਚੇ ਅਤੇ ਖ਼ੁਸ਼ਹਾਲੀ ਖੁੰਝ ਸਕਦੀ ਹੈ* (29:1-6)। ਅੱਯੂਬ ਨੇ ਉਸ ਸਮੇਂ ਨੂੰ ਯਾਦ ਕੀਤਾ ਜਦੋਂ ਉਸ ਨੇ ਖ਼ਾਸਕਰ ਆਪਣੇ ਆਪ ਨੂੰ ਪਰਮੇਸ਼ੁਰ ਦੇ ਨੇੜੇ ਮਹਿਸੂਸ ਕੀਤਾ ਸੀ। ਉਸ ਨੇ ਇਸ ਨੂੰ ਉਹ ਸਮਾਂ ਦੱਸਿਆ "ਜਦ ਪਰਮੇਸ਼ੁਰ ਦਾ ਸਤ ਸੰਗ [ਉਸ ਦੇ] ਤੰਬੂ ਉੱਤੇ ਸੀ" (29:4)। ਉਸ ਨੇ ਪਿਆਰ ਨਾਲ ਉਨ੍ਹਾਂ ਦਿਨਾਂ ਨੂੰ ਯਾਦ ਕੀਤਾ ਜਦੋਂ ਉਸ ਦੇ ਬੱਚੇ ਉਸ ਦੇ ਆਲੇ-ਦੁਆਲੇ ਹੁੰਦੇ ਸਨ ਅਤੇ ਉਨ੍ਹਾਂ ਨੂੰ ਵੇਖ ਕੇ ਉਹ ਅਨੰਦ ਹੁੰਦਾ ਸੀ (29:5)। ਪਰ, ਉਹ ਦਸ ਦੇ ਦਸ ਇਕ ਪਲ ਵਿਚ ਖਤਮ ਹੋ ਗਏ ਸਨ। ਅੱਯੂਬ ਨੇ ਉਨ੍ਹਾਂ ਵੱਡੀਆਂ ਆਰਥਿਕ ਬਰਕਤਾਂ ਨੂੰ ਵੀ ਯਾਦ ਕੀਤਾ ਜਿਨ੍ਹਾਂ ਦਾ ਉਸ ਨੇ ਇਕ ਵਾਰ ਅਨੰਦ ਮਾਣਿਆ ਸੀ: "ਮੇਰੇ ਕਦਮ ਦਹੀ ਨਾਲ ਧੋਤੇ ਜਾਂਦੇ, ਅਤੇ ਚਟਾਨ ਮੇਰੇ ਲਈ ਤੇਲ ਦੀਆਂ ਧਾਰਾਂ ਵਗਾਉਂਦੀ ਸੀ" (29:6)। ਸਭ ਕੁਝ ਖਤਮ ਹੋ ਗਿਆ ਸੀ।

ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਜਿਨ੍ਹਾਂ ਮਾਪਿਆਂ ਦੇ ਬੱਚੇ ਮਰ ਜਾਂਦੇ ਹਨ ਵੱਡੇ ਦੁੱਖ ਅਤੇ ਘਾਟੇ ਦਾ ਅਨੁਭਵ ਕਰਦੇ ਹਨ। ਉਨ੍ਹਾਂ ਦਾ ਦੁੱਖ "ਦੂਰ" ਨਹੀਂ ਹੁੰਦਾ, ਪਰ ਉਹ ਆਪਣੇ ਬੱਚਿਆਂ ਦੀਆਂ ਪੁਰਾਣੀਆਂ ਯਾਦਾਂ ਵਿਚ ਅਰਾਮ ਪਾਉਣਾ ਸਿੱਖ ਲੈਂਦੇ ਹਨ। ਜਿਵੇਂ-ਜਿਵੇਂ ਲੋਕ ਉਮਰ ਵਿਚ ਵੱਧਦੇ ਜਾਂਦੇ ਹਨ ਅਤੇ ਸੇਵਾਮੁਕਤੀ ਦੇ ਸਾਲਾਂ ਦਾ ਸਾਹਮਣਾ ਕਰਦੇ ਹਨ, ਕੁਝ ਉਨ੍ਹਾਂ ਦੇ ਜੀਉਣ ਲਈ ਉਪਲਬਧ ਪੈਸੇ ਵਿਚ ਬਹੁਤ ਜ਼ਿਆਦਾ ਕਮੀ ਦਾ ਅਨੁਭਵ ਕਰਦੇ ਹਨ। ਇਹ ਕਮੀ ਉਨ੍ਹਾਂ ਦੇ ਜੀਵਨ ਦੇ ਪੱਧਰ ਨੂੰ ਬਹੁਤ ਜ਼ਿਆਦਾ ਪ੍ਰਭਾਵਿਤ ਕਰ ਸਕਦੀ ਹੈ ਅਤੇ ਇਸ ਦੇ ਲਈ ਮੁਸ਼ਕਲ ਵਿਵਸਥਾਂ ਦੀ ਜ਼ਰੂਰਤ ਪੈ ਸਕਦੀ ਹੈ।

*ਦੂਜਿਆਂ ਦਾ ਆਦਰ ਖੁੰਝ ਸਕਦਾ ਹੈ* (29:7-11)। ਅੱਯੂਬ ਦੇ ਵੱਡੇ ਨੁਕਸਾਨ ਤੋਂ ਪਹਿਲਾਂ, ਉਸ ਨੇ ਆਪਣੇ ਸਮਾਜ ਵਿਚ ਮੁੱਖ ਆਗੂ ਦੇ ਅਹੁਦੇ ਦਾ ਅਨੰਦ ਮਾਣਿਆ ਸੀ। ਜਦੋਂ ਉਹ ਨਗਰ ਦੇ ਫਾਟਕ ਕੋਲ ਪਹੁੰਚਦਾ ਸੀ ਜਿੱਥੇ ਬਜ਼ੁਰਗ ਮਿਲਦੇ ਸਨ, ਤਾਂ ਜੁਆਨ ਉਸ ਨੂੰ ਵੇਖ ਕੇ ਲੁਕ ਜਾਂਦੇ ਸਨ, ਬੁੱਢੇ ਉੱਠ ਖੜੇ ਹੁੰਦੇ ਸਨ ਅਤੇ ਸਰਦਾਰ (ਰਾਜ ਕੁਮਾਰ) ਸ਼ਾਂਤ ਹੋ ਜਾਂਦੇ ਸਨ (29:8-10)। ਪਰ, ਇਸ ਸਮੇਂ, ਅੱਯੂਬ ਨੇ ਵੱਡੇ ਨਿਰਾਦਰ ਅਤੇ ਮਖੌਲ ਦਾ ਸਾਹਮਣਾ ਕੀਤਾ ਸੀ।

ਬਹੁਤ ਸਾਰੇ ਦ੍ਰਿਸ਼ ਹਨ ਜਿਨ੍ਹਾਂ ਵਿਚ ਅੱਜ ਲੋਕ ਦੂਜਿਆਂ ਦਾ ਆਦਰ ਗੁਆ ਸਕਦੇ ਹਨ ਪਰ ਪਰਮੇਸ਼ੁਰ ਪ੍ਰਤੀ ਵਫ਼ਾਦਾਰ ਰਹਿੰਦੇ ਹਨ। ਜਿਉਂ-ਜਿਉਂ ਪੱਛਮੀ ਸਭਿਆਚਾਰ ਵਧੇਰੇ ਭ੍ਰਿਸ਼ਟ ਹੁੰਦਾ ਜਾਂਦਾ ਹੈ, ਹੋ ਸਕਦਾ ਹੈ ਕਿ ਕੋਈ ਸੱਚਾਈ ਲਈ ਖੜ੍ਹਾ ਹੋਵੇ ਅਤੇ ਉਸ ਜਨਤਕ ਮਖੌਲ ਦਾ ਸਾਹਮਣਾ ਕਰਨਾ ਪਵੇ। ਜਿਵੇਂ-ਜਿਵੇਂ ਕੋਈ ਵਿਅਕਤੀ ਵੱਡਾ ਹੁੰਦਾ ਜਾਂਦਾ ਹੈ, ਹੋ ਸਕਦਾ ਹੈ ਕਿ ਉਹ ਆਪਣੇ ਮਾਨਸਿਕ ਤਿੱਖੇਪਣ ਨੂੰ ਗੁਆ ਦੇਵੇ ਅਤੇ ਨਤੀਜੇ ਵਜੋਂ, ਆਪਣੇ ਆਗੂ ਦੇ ਅਹੁਦੇ ਨੂੰ ਵੀ। ਇਸ ਤੋਂ ਇਲਾਵਾ, ਇਕ ਬਜ਼ੁਰਗ ਵਿਅਕਤੀ ਆਪਣੇ ਹਾਣੀਆਂ ਨਾਲੋਂ ਜ਼ਿਆਦਾ ਜੀ ਸਕਦਾ ਹੈ ਅਤੇ ਇਕ ਅਜਿਹੀ ਪੀੜ੍ਹੀ ਨਾਲ ਰਹਿ ਜਾਵੇਗਾ ਜੋ ਉਸ ਨੂੰ ਚੰਗੀ ਤਰ੍ਹਾਂ ਨਹੀਂ ਜਾਣਦੀ।

*ਨੇਕੀ ਦੀ ਪੇਸ਼ਕਸ਼ ਕਰਨ ਦੀ ਸਾਡੀ ਯੋਗਤਾ ਖਤਮ ਹੋ ਸਕਦੀ ਹੈ* (29:12-17)। ਅੱਯੂਬ ਨੇ ਆਪਣੀ ਧਨ ਦੌਲਤ ਅਤੇ ਆਗੂ ਦੇ ਅਹੁਦੇ ਨੂੰ ਇਕ ਧਰਮੀ ਢੰਗ ਨਾਲ ਇਸਤੇਮਾਲ ਕੀਤਾ ਸੀ, ਗਰੀਬਾਂ, ਅਨਾਥਾਂ ਅਤੇ ਵਿਧਵਾਂ ਦੀ ਭਾਲ ਵਿਚ (29:12, 13)। ਉਸ ਨੇ ਉਨ੍ਹਾਂ ਦੀ ਸੇਵਾ ਕੀਤੀ ਜਿਹੜੇ ਅੰਨ੍ਹੇ, ਲੰਗੜੇ ਅਤੇ ਲੋੜਵੰਦ ਸਨ। ਅੱਯੂਬ ਅਜਨਬੀ ਲਈ ਇਕ ਵਕੀਲ ਵੀ ਸੀ ਅਤੇ ਸੱਚਾਈ ਦੀ ਪੜਤਾਲ ਕਰਨ ਲਈ ਉਸ ਦੇ ਮੁਕੱਦਮੇ ਦੀ ਪੜਤਾਲ ਕਰਦਾ ਸੀ (29:15, 16)। ਉਹ ਨਿਰੋਦਸ਼ ਲੋਕਾਂ ਨੂੰ ਦੁਸ਼ਟ ਦੇ ਸ਼ਿਕਾਰ ਹੋਣ ਤੋਂ ਬਚਾਉਂਦਾ ਸੀ (29:17)। ਪਰ, ਹੁਣ ਅੱਯੂਬ ਕੋਲ ਲੋੜਵੰਦਾਂ ਨੂੰ ਅਜਿਹੇ ਉਪਕਾਰ ਦੀ ਪੇਸ਼ਕਸ਼ ਕਰਨ ਦੇ ਲਈ ਧਨ ਦੌਲਤ ਅਤੇ

ਆਗੂ ਦਾ ਅਹੁਦਾ ਨਹੀਂ ਸੀ।

ਜਿਵੇਂ-ਜਿਵੇਂ ਲੋਕ ਉਮਰ ਵਿਚ ਵੱਧਦੇ ਹਨ, ਹੋ ਸਕਦਾ ਹੈ ਕਿ ਉਨ੍ਹਾਂ ਕੋਲ ਹੁਣ ਵਿੱਤੀ ਸ੍ਰੋਤ ਜਾਂ ਉਸ ਤਰ੍ਹਾਂ ਸੇਵਾ ਕਰਨ ਦੀ ਸਰੀਰਕ ਯੋਗਤਾ ਨਾ ਹੋਵੇ ਜਿਵੇਂ ਕਿ ਉਨ੍ਹਾਂ ਨੇ ਪਿੱਛਲੇ ਸਾਲਾਂ ਵਿਚ ਕੀਤੀ ਸੀ। ਇਕ ਨਿਸ਼ਚਤ ਆਮਦਨੀ ਤੇ ਜੀਉਣ ਦੇ ਕਾਰਨ, ਹੋ ਸਕਦਾ ਹੈ ਕਿ ਉਹ ਕਲੀਸੀਆ ਲਈ ਓਨੇ ਪੈਸੇ ਦਾ ਯੋਗਦਾਨ ਦੇਣ ਦੇ ਯੋਗ ਨਾ ਹੋਣ ਜਿਨ੍ਹਾਂ ਉਹ ਪਹਿਲਾਂ ਇਕ ਸਮੇਂ ਦਿੰਦੇ ਸਨ। ਵਿਗੜਦੀ ਸਿਹਤ ਨਾਲ, ਉਹ ਦਾਨ ਪੁੰਨ ਦੇ ਸਧਾਰਣ ਕੰਮ ਕਰਨ ਦੇ ਯੋਗ ਨਹੀਂ ਹੋ ਸਕਦੇ।

*ਅਸੀਂ ਇਕ ਮਾਣਯੋਗ ਮੌਤ ਦੀ ਸਾਡੀ ਆਸ ਨੂੰ ਗੁਆ ਸਕਦੇ ਹਾਂ* (29:18-20)। ਬਿਪਤਾ ਆਉਣ ਤੋਂ ਪਹਿਲਾਂ, ਅੱਯੂਬ ਨੇ ਸੋਚਿਆ ਸੀ ਕਿ ਉਹ ਇਕ ਲੰਬੀ ਅਤੇ ਖੁਸ਼ਹਾਲ ਜ਼ਿੰਦਗੀ ਜੀਵੇਗਾ ਅਤੇ ਫਿਰ ਆਪਣੇ ਦੇ ਘਰ ਦੇ ਮੈਂਬਰਾਂ ਨਾਲ ਘਿਰਿਆ ਹੋਇਆ, ਸ਼ਾਂਤੀ ਨਾਲ ਮਰ ਜਾਵੇਗਾ। ਪਰ, ਉਸ ਦੇ ਸਾਰੇ ਬੱਚਿਆਂ ਦੀ ਮੌਤ ਹੋ ਗਈ ਸੀ ਅਤੇ ਉਸ ਦੀ ਸਿਹਤ ਰਾਤੋ ਰਾਤ ਵਿਗੜ ਗਈ ਸੀ। ਉਸ ਦੀ "ਪਰਤਾਪ" ਨਾਲ ਮਰਨ ਦੀ ਉਮੀਦ ਖਤਮ ਹੋ ਗਈ ਸੀ (29:20)।

ਕੁਝ ਮਸੀਹੀ ਲੋਕ ਬਹੁਤ ਘੱਟ ਦੁੱਖਾਂ ਨਾਲ ਮਰਦੇ ਹਨ ਜਾਂ ਮਰਨ ਤੋਂ ਪਹਿਲਾਂ ਉਨ੍ਹਾਂ ਤੇ ਕੋਈ ਦੁੱਖ ਨਹੀਂ ਆਉਂਦਾ। ਇਕ ਬਜ਼ੁਰਗ ਮਸੀਹੀ ਔਰਤ ਨੇ ਲੰਬੇ ਸਮੇਂ ਪ੍ਰਭੂ ਦੀ ਸੇਵਾ ਕੀਤੀ ਸੀ। ਉਹ ਸ਼ਾਇਦ ਹੀ ਕਦੀ ਬਿਮਾਰ ਹੋਈ ਸੀ ਅਤੇ ਆਮ ਤੌਰ ਤੇ ਸਿਰਫ ਚੈੱਕਅਪ ਲਈ ਡਾਕਟਰ ਕੋਲ ਜਾਂਦੀ ਸੀ। ਇਕ ਐਤਵਾਰ ਦੀ ਸਵੇਰ ਨੂੰ ਉਹ ਬੰਦਗੀ ਦੇ ਲਈ ਚਰਚ ਗਈ, ਦੁਪਹਿਰ ਨੂੰ ਘਰ ਆ ਕੇ ਉਸ ਨੇ ਇਸਨਾਨ ਕੀਤਾ ਅਤੇ ਸ਼ਾਮ ਨੂੰ ਫੇਰ ਬੰਦਗੀ ਤੇ ਚਲੀ ਗਈ। ਉਸੇ ਰਾਤ ਉਹ ਆਪਣੀ ਨੀਂਦ ਵਿਚ ਹੀ ਪ੍ਰਭੂ ਨੂੰ ਪਿਆਰੀ ਹੋ ਗਈ। ਜੀਉਣ ਅਤੇ ਮਰਨ ਦਾ ਇਹ ਕਿੰਨਾ ਵਧੀਆ ਢੰਗ ਹੈ! ਪਰ, ਜ਼ਿਆਦਾਤਰ ਲੋਕਾਂ - ਸਗੋਂ ਮਸੀਹੀ ਲੋਕਾਂ - ਲਈ ਇਹ ਹਕੀਕਤ ਨਹੀਂ ਹੈ। ਬਹੁਤ ਸਾਰੇ ਲੋਕ ਆਪਣੇ ਜੀਵਨਾਂ ਦੇ ਅੰਤ ਵਿਚ ਗਹਿਰੀ ਪੀੜ ਝੱਲਦੇ ਹਨ; ਕਈਆਂ ਦੀ ਸਿਹਤ ਖਰਾਬ ਰਹਿੰਦੀ ਹੈ। ਅਜਿਹੀਆਂ ਸਥਿਤੀਆਂ "ਪਰਤਾਪ" ਤੋਂ ਇਲਾਵਾ ਕੁਝ ਨਹੀਂ ਹਨ।

*ਸਲਾਹ ਦੇਣ ਦਾ ਸਾਡਾ ਮੌਕਾ ਖੁੰਝ ਸਕਦਾ ਹੈ* (29:21-25)। ਇਕ ਸਮੇਂ ਜਵਾਨ ਅਤੇ ਬੁੱਢੇ ਸਾਰੇ ਅੱਯੂਬ ਵੱਲ ਧਿਆਨ ਦਿੰਦੇ ਸਨ। ਉਹ ਧੀਰਜ ਨਾਲ ਉਸ ਦੀ ਸਲਾਹ ਨੂੰ ਸੁਣਦੇ ਸਨ, ਜਿਸ ਦੀ ਤੁਲਨਾ ਉਸ ਨੇ ਪਿੱਛਲੇ ਮੀਂਹ ਨਾਲ ਕੀਤੀ ਸੀ (29:23)। ਉਹ ਇਕ ਪ੍ਰੇਰਣਾਦਾਇਕ ਆਗੂ ਸੀ ਜਿਸ ਨੇ ਕਮਜ਼ੋਰ ਦਿਲ ਵਾਲਿਆਂ ਨੂੰ ਉਤਸ਼ਾਹਿਤ ਕੀਤਾ ਅਤੇ ਉਨ੍ਹਾਂ ਨੂੰ ਲਗਾਤਾਰ ਸਹੀ ਰਾਹ ਤੇ ਚੱਲਣ ਦੀ ਪ੍ਰੇਰਣਾ ਦਿੱਤੀ (29:24)। ਇਸ ਤੋਂ ਇਲਾਵਾ, ਅੱਯੂਬ ਨੇ ਸੋਗ ਕਰਨ ਵਾਲਿਆਂ ਨੂੰ ਤਸੱਲੀ ਦਿੱਤੀ (29:25)।

ਜਿਵੇਂ-ਜਿਵੇਂ ਅਸੀਂ ਵੱਡੇ ਹੁੰਦੇ ਹਾਂ, ਹੋ ਸਕਦਾ ਹੈ ਕਿ ਅਸੀਂ ਓਨੀ ਸਲਾਹ ਨਾ ਦੇ ਸਕੀਏ ਜਿੰਨੀ ਅਸੀਂ ਪਹਿਲਾਂ ਦਿੰਦੇ ਸੀ। ਜਿਹੜੇ ਐਲਡਰਾਂ, ਪ੍ਰਚਾਰਕਾਂ, ਸਲਾਹਕਾਰਾਂ, ਜਾਂ ਉਪਦੇਸ਼ਕਾਂ ਦੀ ਯੋਗਤਾ ਵਿਚ ਸੇਵਾ ਕਰਦੇ ਹਨ ਅਕਸਰ ਆਪਣੇ ਆਪ ਨੂੰ ਅਜਿਹੀਆਂ ਸਥਿਤੀਆਂ ਵਿਚ ਪਾਉਂਦੇ ਹਨ ਜਿੱਥੇ ਦੂਜੇ ਲੋਕ ਉਨ੍ਹਾਂ ਦੀ ਸਲਾਹ ਪੁੱਛਦੇ ਹਨ ਜਾਂ ਉਨ੍ਹਾਂ ਤੋਂ ਗਿਆਨ ਦੀ ਭਾਲ ਕਰਦੇ ਹਨ। ਵੱਖ-ਵੱਖ ਕਿੱਤਿਆਂ ਤੋਂ ਸੇਵਾ ਮੁਕਤ ਹੋਣ ਲਈ ਬਹੁਤ ਨਿਮਰਤਾ ਦੀ ਲੋੜ ਹੋ ਸਕਦੀ ਹੈ ਕਿਉਂਕਿ ਬਹੁਤ ਘੱਟ ਲੋਕ ਸਲਾਹ ਮੰਗਦੇ ਹਨ।

*ਸਿੱਟਾ*/ ਅੱਯੂਬ ਨੇ ਆਪਣੀ ਬਿਪਤਾ ਨਾਲ ਜੱਦੋ-ਜਹਿਦ ਕੀਤੀ ਅਤੇ "ਪਿੱਛਲੇ ਦਿਨਾਂ" ਨੂੰ ਲੋਚਿਆ। ਅੱਜ ਵੀ ਬਹੁਤ ਸਾਰੇ ਲੋਕ ਉਸ ਸਮੇਂ ਦੇ ਲਈ ਤਰਸਦੇ ਹਨ ਜਦੋਂ ਉਨ੍ਹਾਂ ਦਾ ਪਰਿਵਾਰ ਉਨ੍ਹਾਂ ਦੇ ਆਲੇ-ਦੁਆਲੇ ਸੀ, ਜਦੋਂ ਉਨ੍ਹਾਂ ਨੇ ਜ਼ਿਆਦਾ ਧਨ ਦੌਲਤ ਅਤੇ ਚੰਗੀ ਸਿਹਤ

ਦਾ ਅਨੰਦ ਮਾਣਿਆ ਸੀ ਅਤੇ ਸਮਾਜ ਵਿਚ ਉਨ੍ਹਾਂ ਦਾ ਜ਼ਿਆਦਾ ਪ੍ਰਭਾਵ ਸੀ। ਬੁੱਢੇ ਹੋਣਾ ਸੌਖਾ ਨਹੀਂ ਹੈ। ਕਿਸੇ ਨੇ ਕਿਹਾ ਹੈ, "ਅਕਸਰ 'ਸੁਨਹਿਰੀ ਸਾਲ' ਇੰਨੇ ਸੁਨਹਿਰੀ ਨਹੀਂ ਹੁੰਦੇ।"

ਮਸੀਹੀ ਹੋਣ ਦੇ ਨਾਤੇ ਸਾਨੂੰ ਆਪਣੇ ਸਾਰੇ ਹਾਲਾਤਾਂ ਵਿਚ ਸੰਤੋਖ ਰੱਖਣਾ ਚਾਹੀਦਾ ਹੈ। ਪੌਲੁਸ ਨੇ ਲਿਖਿਆ ਕਿ ਹਾਲਾਤ ਭਾਵੇਂ ਜਿਸ ਤਰ੍ਹਾਂ ਦੇ ਮਰਜ਼ੀ ਹੋਣ ਉਸ ਨੇ ਸੰਤੋਖ ਕਰਨਾ ਸਿੱਖ ਲਿਆ ਸੀ। ਉਸ ਨੇ ਦੱਸਿਆ,

> ਮੈਂ ਜਾਣਦਾ ਹਾਂ ਕਿ ਮਾਮੂਲੀ ਸਾਧਨਾਂ ਨਾਲ ਕਿਵੇਂ ਗੁਜਾਰਾ ਕਰਨਾ ਹੈ ਅਤੇ ਮੈਂ ਇਹ ਵੀ ਜਾਣਦਾ ਹਾਂ ਕਿ ਖੁਸ਼ਹਾਲੀ ਵਿਚ ਕਿਵੇਂ ਜੀਉਣਾ ਹੈ: ਕਿਸੇ ਵੀ ਅਤੇ ਹਰ ਹਾਲ ਵਿਚ ਮੈਂ ਇਹ ਸਿੱਖ ਲਿਆ ਹੈ ਕਿ ਰੱਜਣਾ ਕੀ ਹੈ ਅਤੇ ਭੁੱਖਾ ਰਹਿਣਾ ਕੀ ਹੈ, ਦੋਵਾਂ ਦੀ ਬਹੁਤਾਤ ਅਤੇ ਦੁੱਖ ਦੀ ਜ਼ਰੂਰਤ ਹੈ।ਉਹ ਦੇ ਵਿੱਚ ਜੋ ਮੈਨੂੰ ਬਲ ਦਿੰਦਾ ਹੈ ਮੈਂ ਸੱਭੋ ਕੁਝ ਕਰ ਸੱਕਦਾ ਹਾਂ (ਫ਼ਿਲਿੱਪੀਆਂ 4:12, 13)।

ਪੌਲੁਸ ਨੇ ਮਸੀਹ ਦੀ ਸੇਵਾ ਕਰ ਕੇ ਆਪਣੀ ਜ਼ਿੰਦਗੀ ਵਿਚ ਸ਼ਾਂਤੀ ਪਾਈ, ਬਿਨ੍ਹਾਂ ਉਸ ਸਥਿਤੀ ਦੀ ਪਰਵਾਹ ਕੀਤੇ ਜਿਸ ਵਿਚ ਉਸ ਨੇ ਆਪਣੇ ਆਪ ਨੂੰ ਪਾਇਆ। ਉਸ ਨੂੰ ਵਿਸ਼ਵਾਸ ਸੀ ਕਿ ਯਿਸੂ ਹਿੰਮਤ ਅਤੇ ਰਚਨਾਤਮਕਤਾ ਨਾਲ ਜ਼ਿੰਦਗੀ ਦੇ ਸੰਘਰਸ਼ਾਂ ਦਾ ਸਾਹਮਣਾ ਕਰਨ ਵਿਚ ਉਸ ਦੀ ਸਹਾਇਤਾ ਕਰੇਗਾ।

ਸਾਨੂੰ ਇਹ ਵੀ ਸਮਝ ਲੈਣਾ ਚਾਹੀਦਾ ਹੈ ਕਿ ਇਹ ਸੰਸਾਰ ਸਾਡਾ ਘਰ ਨਹੀਂ ਹੈ ਅਤੇ ਇਹ ਜੀਵਨ ਅਸਥਾਈ ਜਾਂ ਕੁਝ ਚਿਰ ਦਾ ਹੈ। ਪੌਲੁਸ ਦੇ ਸ਼ਬਦ ਸਾਨੂੰ ਮੁੜ ਭਰੋਸਾ ਦਿੰਦੇ ਹਨ:

> ਇਸ ਕਾਰਨ ਅਸੀਂ ਹੌਸਲਾ ਨਹੀਂ ਹਾਰਦੇ ਸਗੋਂ ਭਾਵੇਂ ਸਾਡੀ ਬਾਹਰਲੀ ਇਨਸਾਨੀਅਤ ਨਾਸ ਹੁੰਦੀ ਜਾਂਦੀ ਹੈ ਪਰ ਅੰਦਰਲੀ ਇਨਸਾਨੀਅਤ ਦਿਨੋਂ ਦਿਨ ਨਵੀਂ ਹੁੰਦੀ ਜਾਂਦੀ ਹੈ। ਕਿਉਂ ਜੋ ਸਾਡਾ ਹੌਲਾ ਜਿਹਾ ਕਸ਼ਟ ਜਿਹੜਾ ਛਿੰਨ ਭਰ ਦਾ ਹੀ ਹੈ ਭਾਰੀ ਸਗੋਂ ਅੱਤ ਭਾਰੀ ਅਤੇ ਸਦੀਪਕ ਵਡਿਆਈ ਨੂੰ ਸਾਡੇ ਲਈ ਤਿਆਰ ਕਰਦਾ ਹੈ। ਅਸੀਂ ਦਿੱਸਣ ਵਾਲੀਆਂ ਵਸਤਾਂ ਨੂੰ ਤਾਂ ਨਹੀਂ ਸਗੋਂ ਅਣਡਿੱਠ ਵਸਤਾਂ ਵੱਲ ਧਿਆਨ ਕਰਦੇ ਹਾਂ ਕਿਉਂ ਜੋ ਦਿੱਸਣ ਵਾਲੀਆਂ ਵਸਤਾਂ ਅਨਿੱਤ ਹਨ ਪਰ ਅਣਡਿੱਠ ਵਸਤਾਂ ਨਿੱਤ ਹਨ। ਅਸੀਂ ਜਾਣਦੇ ਹਾਂ ਭਈ ਜੇ ਸਾਡਾ ਤੰਬੂ ਜਿਹਾ ਘਰ ਜਿਹੜਾ ਧਰਤੀ ਤੇ ਹੈ ਢਹਿ ਪਵੇ ਤਾਂ ਪਰਮੇਸ਼ੁਰ ਤੋਂ ਇੱਕ ਘਰ ਸਾਨੂੰ ਮਿਲੇਗਾ ਜੋ ਬਿਨਾ ਹੱਥ ਲਾਏ ਅਟੱਲ ਅਤੇ ਸੁਰਗ ਵਿੱਚ ਬਣਿਆ ਹੈ (2 ਕੁਰਿੰਥੀਆਂ 4:16-5:1)।

**ਡੀ. ਸਟੀਵਰਟ**

---

## ਟਿੱਪਣੀਆਂ

[1]ਫ੍ਰਾਂਸਿਸ ਆਈ. ਐਂਡਰਸਨ, *ਅੱਯੂਬ, ਐਨ ਇੰਟਰੋਡਕਸ਼ਨ ਐਂਡ ਕਮੈਂਟਰੀ*, ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡਾਊਨਰਸ ਗਰੋਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈਸ, 1974), 230. [2]ਲੁਡਵਿਗ ਕੋਹਲਰ ਅਤੇ ਵਾਲਟਰ ਬਾਉਮਗਾਰਟਨਰ, *ਦ ਹਿਬਰਿਊ ਐਂਡ ਅਰਾਮਿਕ ਲੈਕਸੀਕਨ ਆਫ਼ ਦਿ ਓਲਡ ਟੈਸਟਾਮੈਂਟ*, ਅਧਿਐਨ ਸੰਸਕਰਣ, ਅਨੁਵਾਦ ਅਤੇ ਸੰਪਾਦਨ ਐਮ. ਈ. ਜੇ. ਰਿਚਰਡਸਨ (ਬੋਸਟਨ: ਬਰਿੱਲ, 2001), 2:1581-85. [3]ਹੋਮਰ ਹੇਲੀ, *ਏ ਕਮੈਂਟਰੀ ਆਨ ਅੱਯੂਬ* (ਐੱਨ.ਪੀ.: ਰੀਲੀਜੀਅਸ ਸਪਲਾਈ, ਇੰਕ., 1994), 249. [4]ਕੋਹਲਰ ਅਤੇ ਬਾਉਮਗਾਰਟਨਰ, 1:745. [5]ਜੌਨ ਈ. ਹਾਰਟਲੀ, *ਦ ਬੁਕ ਆਫ਼ ਅੱਯੂਬ*, ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦਿ ਓਲਡ ਟੈਸਟਾਮੈਂਟ (ਗਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1988), 388. [6]ਐਲਫਰਡ ਜੇ. ਹੋਰਥ, *ਆਰਕੀਓਲੀਜੀ ਐਂਡ ਦਿ ਓਲਡ ਟੈਸਟਾਮੈਂਟ* (ਗਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁਕਸ, 1998), 286-88. [7]ਐਚ. ਐਚ. ਰਾਉਲੀ, *ਅੱਯੂਬ*, ਦੀ ਸੈਂਚੁਰੀ ਬਾਈਬਲ, ਨਿਊ ਸੀਰੀਜ਼ (ਗ੍ਰੀਨਵੁੱਡ, ਸਾਊਥ ਕੈਰੋਲਾਈਨਾ: ਦ ਐਟਿਕ ਪ੍ਰੈੱਸ, ਇੰਕ, 1970), 238.